ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 16 ਮਈ, 1999

ਵਿਚਾਰ-ਚਰਚਾ —— ਗੁਰਸ਼ਰਨ ਸਿੰਘ

# ਸਾਡੇ ਵੀ ਕੁੱਝ ਮੁੱਦੇ ਹਨ

ਅਸੀਂ ਇਸ ਦੇਸ਼ ਦੇ ਸਾਧਾਰਨ ਸ਼ਹਿਰੀ ਹਾਂ। ਅਸੀਂ ਖੇਤਾਂ ਵਿਚ ਕੰਮ ਕਰਦੇ ਹਾਂ। ਕਾਰਖਾਨਿਆਂ ਵਿਚ ਕੰਮ ਕਰਦੇ ਹਾਂ। ਦਫ਼ਤਰਾਂ ਵਿਚ ਕੰਮ ਕਰਦੇ ਹਾਂ। ਅਸੀਂ ਰਿਕਸ਼ਾ ਚਲਾਉਂਦੇ ਹਾਂ। ਅਸੀਂ ਦੁਕਾਨਦਾਰੀ ਕਰਦੇ ਹਾਂ। ਅਸੀਂ ਰੇੜ੍ਹੀ ਲਗਾਉਂਦੇ ਹਾਂ। ਅਸੀਂ ਕੰਮ ਕਰਨ ਵਾਲੇ ਹਾਂ। ਅਸੀਂ ਚੰਗੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ। ਹੁਣ ਦੇਸ਼ ਵਿਚ ਚੋਣਾਂ ਹੋਣੀਆਂ ਹਨ। 13ਵੀਂ ਲੋਕ ਸਭਾ ਬਣਨੀ ਹੈ। ਇਕ ਨਵੀਂ ਸਰਕਾਰ ਦੇਸ਼ ਦੀ ਵਾਗਡੋਰ ਸੰਭਾਲੇਗੀ, ਹਰ ਇਕ ਸਿਆਸੀ ਪਾਰਟੀ ਦੇ ਆਪਣੇ ਫਿਕਰ ਹਨ। ਆਪਣੇ ਪ੍ਰੋਗਰਾਮ ਹਨ। ਅਸੀਂ ਨਹੀਂ ਕਹਿੰਦੇ ਕਿ ਸਾਰੇ ਸਿਆਸੀ ਲੋਕ ਚੋਰ, ਬੇਈਮਾਨ ਤੇ ਝੂਠੇ ਹਨ। ਉਨ੍ਹਾਂ ਦੀਆਂ ਮਜਬੂਰੀਆਂ ਵੀ ਹੁੰਦੀਆਂ ਹਨ। ਸਾਡੀਆਂ ਕੋਈ ਮਜਬੂਰੀਆਂ ਨਹੀਂ। ਸਾਡੇ ਕੁੱਝ ਮੁੱਦੇ ਹਨ। ਅਸੀਂ ਉਨ੍ਹਾਂ ਨੂੰ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਨਾ ਚਾਹੁੰਦੇ ਹਾਂ।

**ਸਾਡਾ ਪਹਿਲਾ ਮੁੱਦਾ ਹੈ** ਕਿ ਦੇਸ਼ ਵਿਚ ਹਰ ਇਕ ਨੂੰ ਵਿੱਦਿਆ ਦਾ ਬੁਨਿਆਦੀ ਹੱਕ ਹੈ ਤੇ ਬਰਾਬਰ ਦੀ ਵਿੱਦਿਆ ਮੁਹੱਈਆ ਕਰਨੀ ਸਰਕਾਰ ਦਾ ਫਰਜ਼ ਹੈ। ਇਹ ਬਰਾਬਰ ਦੀਆਂ ਵਿੱਦਿਆ ਸਹੂਲਤਾਂ ਜ਼ਰੂਰੀ ਹਨ, ਕਿਉਂਕਿ ਜੰਮਦਿਆਂ ਹੀ ਬੱਚਿਆਂ ਵਿਚ ਵਿਤਕਰਾ ਨਾ ਥਏ। ਦੁਨੀਆ ਦੇ ਬਹੁਤ ਸਾਰੇ ਮੁਲਕਾਂ ਨੇ ਇਹ ਗੱਲ ਮੰਨ ਲਈ ਹੋਈ ਹੈ। ਬੱਚਾ ਅਮੀਰ ਦਾ ਹੋਵੇ, ਗਰੀਬ ਦਾ ਹੋਵੇ, ਸ਼ਹਿਰ ਦਾ ਹੋਵੇ, ਪਿੰਡ ਦਾ ਹੋਵੇ, ਇਕ ਧਰਮ ਦਾ ਹੋਵੇ ਦੂਜੇ ਧਰਮ ਦਾ ਹੋਵੇ, ਇਕ ਜਾਤ ਦਾ ਹੋਵੇ, ਦੂਜੀ ਜਾਤ ਦਾ ਹੋਵੇ, ਉਹ ਇਕੋ ਤੇ ਸਿਰਫ਼ ਇਕੋ ਕਿਸਮ ਦੀ ਪੜ੍ਹਾਈ-ਪੜ੍ਹਦਾ ਹੈ। ਛੋਟਿਆਂ-ਵੱਡਿਆਂ ਲਈ ਵੱਖ-ਵੱਖ ਸਕੂਲ ਨਹੀਂ ਹਨ। ਅਸੀਂ ਆਪਣੇ ਬੱਚਿਆਂ ਲਈ ਬਰਾਬਰ ਦੀ ਵਿੱਦਿਆ ਦਾ ਹੱਕ ਮੰਗਦੇ ਹਾਂ।

**ਸਾਡਾ ਮੁੱਦਾ ਹੈ** ਕਿ 18 ਸਾਲ ਦੀ ਉੱਤੇ ਦੀ ਉਮਰ ਦੇ ਹਰ ਮੁੰਡੇ-ਕੁੜੀ ਲਈ ਰੁਜ਼ਗਾਰ ਮੁਹੱਈਆ ਕੀਤਾ ਜਾਏ। ਜੇ ਰੁਜਗਾਰ ਨਹੀਂ ਤਾਂ ਬੇਰੁਜ਼ਗਾਰੀ ਦਾ ਭੱਤਾ ਦਿੱਤਾ ਜਾਵੇ। ਰੁਜ਼ਗਾਰ ਦਾ ਹੱਕ ਬੁਨਿਆਦੀ ਹੱਕਾਂ ਵਿਚ ਸ਼ਾਮਲ ਕੀਤਾ ਜਾਏ।

**ਸਾਡਾ ਤੀਜਾ ਮੁੱਦਾ ਹੈ** ਕਿ ਇਥੋਂ ਦੀ ਸਰਕਾਰ ਪੂਰੀ ਤਰ੍ਹਾਂ ਧਰਮ-ਨਿਰਖੇਪਤਾ ਦੇ ਅਸੂਲਾਂ 'ਤੇ ਚਲੇ। ਸਰਕਾਰ ਦਾ ਸਾਂਝਾ ਪੈਸਾ ਕਿਸੇ ਵੀ ਇਕ ਧਰਮ ਅਸਥਾਨ ਤੇ ਨਾ ਲਗੇ। ਧਰਮ ਪ੍ਰਚਾਰ ਕਿਸੇ ਵੀ ਸਰਕਾਰ ਦੀ ਜ਼ਿੰਮੇਵਾਰੀ ਨਹੀਂ, ਪਰ ਹਰ ਇਕ ਧਰਮ ਵਾਲੇ ਦੀ ਹਿਫਾਜ਼ਤ ਕਰਨੀ ਸਰਕਾਰ ਦੇ ਫਰਜ਼ਾਂ ਵਿਚ ਇਕ ਫ਼ਰਜ਼ ਜ਼ਰੂਰ ਹੈ। ਇਸ ਬਾਰੇ ਅਸੀਂ ਸਪਸ਼ਟ ਹਾਂ।

**ਸਾਡਾ ਚੌਥਾ ਮੁੱਦਾ ਹੈ** ਕਿ ਸਰਕਾਰ ਵਾਤਾਵਰਣ ਦੀ ਸ਼ੁੱਧਤਾ ਕਾਇਮ ਰੱਖਣ ਲਈ ਜ਼ਰੂਰੀ ਕਦਮ ਉੱਠਾਏ। ਸ਼ਹਿਰਾਂ ਵਿਚ ਪਾਰਕ ਬਣਾਏ ਜਾਣ, ਖੇਡਾਂ ਦੇ ਖੁੱਲ੍ਹੇ ਮੈਦਾਨ ਬਣਾਏ ਜਾਣ। ਗੰਦਗੀ ਉਠਾਣ ਦਾ ਪੂਰਾ ਬੰਦੋਬਸਤ ਹੋਵੇ।

**ਸਾਡਾ ਪੰਜਵਾਂ ਮੁੱਦਾ ਹੈ** ਕਿ ਬੱਚੇ ਤੋਂ ਬੁੱਢੇ ਤੱਕ ਹਰ ਇਕ ਲਈ ਜ਼ਰੂਰੀ ਡਾਕਟਰੀ ਸਹੂਲਤਾਂ ਮੁਹੱਈਆ ਕੀਤੀਆਂ ਜਾਣ, ਜਿਹੜੀਆਂ ਗਰੀਬ ਤੋਂ ਗਰੀਬ ਬਿਰਧ ਦੀ ਪਹੁੰਚ ਵਿਚ ਹੋਣ। ਬਜ਼ੁਰਗਾਂ ਲਈ ਸੁੱਖਾ ਸਹਾਰਾ ਕੇਂਦਰ ਕਾਇਮ ਹੋਣ ਤਾਂ ਜੋ ਉਨ੍ਹਾਂ ਦੀ ਪੂਰੀ ਸੰਭਾਲ ਹੋ ਸਕੇ।

**ਸਾਡਾ ਛੇਵਾਂ ਮੁੱਦਾ ਹੈ** ਕਿ ਸਾਨੂੰ ਸਿਰ ਦੀ ਛੱਤ ਦੀ ਗਰੰਟੀ ਹੋਵੇ। ਅਸੀਂ ਸੜਕਾਂ 'ਤੇ ਬੇਘਰਿਆਂ ਵਾਂਗ ਜੀਣ ਤੇ ਮਜਬੂਰ ਨਾ ਹੋਈਏ। ਇਥੇ ਇਹੋ ਜਿਹੇ ਕੋਠੀਆਂ ਤੇ ਬੰਗਲੇ ਹਨ ਜਿਨ੍ਹਾਂ ਵਿਚ 20-20 ਕਮਰੇ ਹਨ ਪਰ ਸਿਰਫ਼ ਦੋ ਜੀਵ ਉਥੇ ਰਹਿੰਦੇ ਹਨ, ਜਦੋਂ ਉਤਨੀ ਹੀ ਥਾਂ ਵਿਚ ਜਿਹੜੀਆਂ ਬਸਤੀਆਂ ਹਨ, ਉਥੇ ਸੌ-ਸੌ ਜੀਵ ਰਹਿਣ ਤੇ ਮਜਬੂਰ ਹੁੰਦੇ ਹਨ। ਇਹ ਨਾ ਬਰਾਬਰੀ ਖ਼ਤਮ ਹੋਣੀ ਜ਼ਰੂਰੀ ਹੈ।

**ਸਾਡਾ ਸੱਤਵਾਂ ਮੁੱਦਾ ਹੈ** ਕਿ ਸਮਾਜ ਵਿਚ ਲਿੰਗ ਵਖਰੇਵਾਂ ਕਾਨੂੰਨਨ ਖਤਮ ਕੀਤਾ ਜਾਵੇ। ਜਿਨ੍ਹਾਂ ਘਰਾਂ ਵਿਚ ਮਾਪਿਆਂ ਵੱਲੋਂ ਮੁੰਡੇ ਕੁੜੀ ਨਾਲ ਬਰਾਬਰ ਦਾ ਸਲੂਕ ਨਹੀਂ ਕੀਤਾ ਜਾਂਦਾ, ਉਨ੍ਹਾਂ ਮਾਪਿਆਂ ਨੂੰ ਕਾਨੂੰਨ ਵੱਲੋਂ ਸਜ਼ਾ ਦਿੱਤੀ ਜਾਵੇ। ਗਰਭ ਟੈਸਟ ਕਰਾਰ ਕੇ ਗਰਭ ਵਿਚ ਹੀ ਬੱਚੀ ਨੂੰ ਖ਼ਤਮ ਕਰਨਾ, ਕਤਲ ਦੇ ਜੁਰਮ ਵਰਗਾ ਜੁਰਮ ਕਰਾਰ ਦਿੱਤਾ ਜਾਏ। ਸਮਾਜਕ ਰਵੱਈਆ ਬਦਲਣ ਲਈ ਕਾਨੂੰਨ ਦੀ ਮਦਦ ਲਈ ਜਾਵੇ।

**ਸਾਡਾ ਅੱਠਵਾਂ ਮੁੱਦਾ ਹੈ** ਕਿ ਸਰਕਾਰੀ ਪ੍ਰਬੰਧ ਨੂੰ ਇਸ ਤਰ੍ਹਾਂ ਸਰਲ ਅਤੇ ਲੋਕਾਂ ਲਈ ਪਹੁੰਚ ਵਾਲਾ ਬਣਾਇਆ ਜਾਏ ਕਿ ਭ੍ਰਿਸ਼ਟਾਚਾਰ ਦੀ ਕੋਈ ਸੰਭਾਵਨਾ ਨਾ ਰਹੇ। ਭ੍ਰਿਸ਼ਟਾਚਾਰ ਵੱਡਾ ਅਪਰਾਧ ਸਮਝਿਆ ਜਾਏ।

**ਸਾਡਾ ਨੌਵਾਂ ਮੁੱਦਾ ਹੈ** ਕਿ ਅਮੀਰਾਂ ਦੀ ਅਯਾਸ਼ੀ ਉੱਤੇ ਰੋਕ ਲਗਾਈ ਜਾਏ। ਅਯਾਸ਼ੀ ਵਾਲੀਆਂ ਥਾਵਾਂ ਉੱਤੇ ਜਾਂ ਕਹਿ ਲਵੋ ਵੱਡੇ ਲੋਕਾਂ ਦੀ ਅਯਾਸ਼ੀ ਤੇ ਵੱਡੇ ਟੈਕਸ ਲਗਾਏ ਜਾਣ ਤਾਂ ਜੋ ਉਹ ਗਰੀਬ ਦੀ ਗਰੀਬੀ ਦਾ ਮਜ਼ਾਕ ਨਾ ਉਡਾ ਸਕਣ। ਸ਼ਰਾਬਾਂ ਪੀ ਕੇ ਗਰੀਬਾਂ ਦੀ ਮੌਤ ਦਾ ਕਾਰਨ ਨਾ ਬਣਨ।

**ਸਾਡਾ ਦਸਵਾਂ ਅਤੇ ਵੱਡਾ ਮੁੱਦਾ ਹੈ** ਕਿ ਸਾਨੂੰ ਅਣਖ ਨਾਲ ਜੀਣ ਦੇ ਹੱਕ ਦੀ ਗਰੰਟੀ ਕੀਤਾ ਜਾਏ। ਪੈਸੇ ਵਾਲੇ ਪੈਸੇ ਦਾ ਹੋਛਾ ਵਿਖਾਵਾ ਕਰਕੇ ਸਾਨੂੰ ਤਸੀਹੇ ਨਾ ਦੇਣ।

ਇਹ ਨਾ ਆਖੋ ਕਿ ਇਹ ਗੱਲਾਂ ਪੂਰੀਆਂ ਕਰਨੀਆਂ ਅਸੰਭਵ ਹਨ। ਅੱਜ ਮਨੁੱਖ ਚੰਨ 'ਤੇ ਪੁੱਜ ਚੁੱਕਿਆ ਹੈ, ਕੋਈ ਵੀ ਗੱਲ ਅਸੰਭਵ ਨਹੀਂ। ਅਸੀਂ ਨਿਸ਼ਾਨ ਮਿਥਾਂਗੇ ਤਾਂ ਹੀ ਨਿਸ਼ਾਨੇ 'ਤੇ ਪੁੱਜਣ ਦਾ ਉਪਰਾਲਾ ਕਰਾਂਗੇ।

ਅਸੀਂ ਕੋਈ ਸੁਪਨੇ ਲਵਾਂਗੇ ਤਾਂ ਹੀ ਸੁਪਨੇ ਪੂਰੇ ਕਰਨ ਲਈ ਸੰਘਰਸ਼ ਕਰਾਂਗੇ। ਅਸੀਂ ਇਸ ਇਹ ਬਹਿਸ ਤੁਹਾਡੇ ਲਈ ਛੱਡਦੇ ਹਾਂ ਕਿ ਐਟਮੀ ਤਜਰਬੇ ਕਰਨੇ ਠੀਕ ਹਨ ਜਾਂ ਨਹੀਂ? ਅਸੀਂ ਇਹ ਬਹਿਸ ਤੁਹਾਡੇ ਲਈ ਛੱਡਦੇ ਹਾਂ ਕਿ ਬਹੁਦੇਸ਼ੀ ਕੰਪਨੀਆਂ ਵੀ ਸਾਡੇ ਦੇਸ਼ ਵਿਚ ਵਪਾਰ ਕਰਨ ਜਾਂ ਨਾ ਕਰਨ? ਅਸੀਂ ਇਹ ਬਹਿਸ ਵੀ ਤੁਹਾਡੇ 'ਤੇ ਛੱਡਦੇ ਹਾਂ ਕਿ ਦੇਸ਼ ਵਿਚ ਪ੍ਰਧਾਨਗੀ ਤਰਜ਼ ਦਾ ਰਾਜ ਹੋਵੇ ਜਾਂ ਪਾਰਲੀਮਾਨੀ ਤਰਜ਼ ਦਾ?

ਅੱਜ ਦੇ ਸਾਇੰਸ ਦੇ ਯੁੱਗ ਵਿਚ ਮਨੁੱਖ ਦੇ ਹੱਥ ਵਿਚ ਅਥਾਹ ਸ਼ਕਤੀ ਹੈ। ਅਸੀਂ ਤਾਂ ਸਿਰਫ਼ ਚੰਗਾ ਜੀਣ ਦਾ ਹੱਕ ਮੰਗਦੇ ਹਾਂ। ਜੇ ਇਹ ਹੱਕ ਨਹੀਂ ਦੇ ਸਕਦੇ ਤਾਂ ਸਰਕਾਰ ਬਣਾਉਣ ਦਾ ਦਾਅਵਾ ਨਾ ਕਰਨਾ। ਇਹ ਤੁਹਾਨੂੰ ਸਾਡੀ ਚੁਣੌਤੀ ਹੈ।...